# Visit of Foreign Secretary of the UK to India (March 31, 2022)

March 28, 2022

.......................................................................................................................................

## ਬ੍ਰਿਟੇਨ ਦੇ ਵਿਦੇਸ਼ ਸਕੱਤਰ ਦੀ ਭਾਰਤ ਫੇਰੀ (31 ਮਾਰਚ, 2022)

**28 ਮਾਰਚ, 2022**

1. ਵਿਦੇਸ਼, ਰਾਸ਼ਟਰਮੰਡਲ ਅਤੇ ਵਿਕਾਸ ਮਾਮਲਿਆਂ ਲਈ ਰਾਜ ਮੰਤਰੀ ਅਤੇ ਮਹਿਲਾ ਅਤੇ ਸਮਾਨਤਾਵਾਂ ਲਈ ਮੰਤਰੀ Rt. ਮਾਨਯੋਗ ਐਲਿਜ਼ਾਬੈਥ ਟਰਸ ਐਮ.ਪੀ. 31 ਮਾਰਚ, 2022 ਨੂੰ ਭਾਰਤ ਦੀ ਅਧਿਕਾਰਤ ਫੇਰੀ ਕਰਣਗੇ।

2. ਸ਼੍ਰੀਮਤੀ ਟਰਸ ਆਪਸੀ ਹਿੱਤਾਂ ਦੇ ਦੁਵੱਲੇ, ਖੇਤਰੀ ਅਤੇ ਆਲਮੀ ਮੁੱਦਿਆਂ ਬਾਰੇ ਵਿਦੇਸ਼ ਮੰਤਰੀ ਡਾ. ਐੱਸ. ਜੈਸ਼ੰਕਰ ਨਾਲ ਦੁਵੱਲੇ ਵਿਚਾਰ-ਵਟਾਂਦਰੇ ਕਰਣਗੇ। ਉਹ ਭਾਰਤ-ਬ੍ਰਿਟੇਨ ਰਣਨੀਤਕ ਫਿਊਚਰਜ਼ ਫੋਰਮ ਦੇ ਉਦਘਾਟਨੀ ਸੰਸਕਰਨ ਵਿੱਚ ਵੀ ਹਿੱਸਾ ਲੈਣਗੇ, ਜੋ ਇੰਡੀਅਨ ਕੌਂਸਲ ਆਫ਼ ਵਰਲਡ ਅਫੇਅਰਜ਼ ਐਂਡ ਪਾਲਿਸੀ ਐਕਸਚੇਂਜ, ਬ੍ਰਿਟੇ ਦੁਆਰਾ ਦੋਵਾਂ ਦੇਸ਼ਾਂ ਵਿਚਕਾਰ ਕਰਾਈ ਜਾ ਰਹੀ ਟਰੈਕ 1.5 ਵਾਰਤਾ ਹੈ।

3. 4 ਮਈ, 2021 ਨੂੰ ਦੋਵਾਂ ਪ੍ਰਧਾਨ ਮੰਤਰੀਆਂ ਵਿਚਕਾਰ ਹੋਏ ਭਾਰਤ-ਬ੍ਰਿਟੇਨ ਵਰਚੁਅਲ ਸਿਖ਼ਰ ਸੰਮੇਲਨ ਦੌਰਾਨ ਭਾਰਤ-ਬ੍ਰਿਟੇਨ ਸਬੰਧਾਂ ਦਾ ਦਰਜ ਵਧਾਕੇ ਵਿਆਪਕ ਰਣਨੀਤਕ ਭਾਈਵਾਲੀ ਕੀਤਾ ਗਿਆ ਸੀ। ਵਰਚੁਅਲ ਸਿਖਰ ਸੰਮੇਲਨ ਤੋਂ ਬਾਅਦ ਇਹ ਬ੍ਰਿਟੇਨ ਦੇ ਵਿਦੇਸ਼ ਸਕੱਤਰ ਵੱਲੋਂ ਭਾਰਤ ਦੀ ਦੂਜੀ ਫੇਰੀ ਹੋਵੇਗੀ ਅਤੇ ਇਸ ਨਾਲ ਵਰਚੁਅਲ ਸਿਖ਼ਰ ਸੰਮੇਲਨ ਦੌਰਾਨ ਲਾਂਚ ਕੀਤੇ ਗਏ ਰੋਡਮੈਪ 2030 ਦੀ ਤਰਕੀ ਦਾ ਮੁਲਾਂਕਣ ਕਰਨ ਦਾ ਮੌਕਾ ਮਿਲੇਗਾ। ਇਹ ਦੌਰਾ ਵਪਾਰ ਅਤੇ ਨਿਵੇਸ਼, ਵਿਗਿਆਨ, ਤਕਨਾਲੋਜੀ ਅਤੇ ਨਵੀਨਤਾ, ਰੱਖਿਆ ਅਤੇ ਸੁਰੱਖਿਆ, ਜਲਵਾਯੂ ਸਹਿਯੋਗ, ਸਿੱਖਿਆ ਅਤੇ ਡਿਜੀਟਲ ਸੰਚਾਰ ਵਰਗੇ ਵੱਖ-ਵੱਖ ਖੇਤਰਾਂ ਵਿੱਚ ਸਾਡੀ ਭਾਈਵਾਲੀ ਨੂੰ ਹੋਰ ਡੂੰਘਾ ਕਰਨ ਵਿੱਚ ਹਿੱਸਾ ਪਾਵੇਗਾ।

ਨਵੀਂ ਦਿੱਲੀ
28 ਮਾਰਚ, 2022

DISCLAIMER: This is an approximate translation. The original is available in English on MEA's website and may be referred to as the official press release.